## ਦਫਤਰ ਡਿਪਟੀ ਕਮਿਸ਼ਨਰ ਕਮ ਜਿਲ੍ਹਾ ਮੈਜਿਸਟਰੇਟ, ਬਠਿੰਡਾ

(ਫੁਟਕਲ ਸ਼ਾਖਾ-1)

ਹੁਕਮ ਅਧੀਨ ਧਾਰਾ 163 ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ,2023

ਦੁਸਹਿਰਾ, ਦੀਵਾਲੀ ਦਾ ਤਿਉਹਾਰ, ਗੁਰਪੁਰਬ, ਕ੍ਰਿਸਮਿਸ, ਨਵਾਂ ਸਾਲ ਮਨਾਉਣ ਲਈ ਆਮ ਤੌਰ ਤੇ ਪਬਲਿਕ ਵੱਲੋਂ ਪਟਾਕੇ, ਆਤਿਸ਼ਬਾਜੀ ਆਦਿ ਦਾ ਇਸਤੇਮਾਲ ਕੀਤਾ ਜਾਂਦਾ ਹੈ,ਜਿਸ ਨਾਲ ਅਵਾਜੀ ਅਤੇ ਵਾਤਾਵਰਣ ਪ੍ਰਦੂਸ਼ਣ ਫੈਲਦਾ ਹੈ। ਡਾਇਰੈਕਟਰ, ਉਦਯੋਗ ਅਤੇ ਕਮਰਸ ਵਿਭਾਗ ਪੰਜਾਬ ਸਰਕਾਰ ਵੱਲੋਂ ਪੱਤਰ ਨੰਬਰ ਟੈਕ/ਐਕਸਪਲੋਸਿਵ ਰੂਲਜ/ਪਾਰਟ-7/4519-ਬੀ ਮਿਤੀ 16.09.2025 ਰਾਹੀਂ ਵਿਸਫੋਟਕ ਨਿਯਮ 2008 ਅਧੀਨ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਿਤੀ 02.10.2025 ਨੂੰ ਦੁਸਹਿਰੇ ਦੇ ਤਿਓਹਾਰ ਤੇ ਸ਼ਾਮ 6:00 ਵਜੇ ਤੋਂ ਸ਼ਾਮ 7:00 ਵਜੇ ਤੱਕ, ਮਿਤੀ 20.10.2025 ਨੂੰ ਦੀਵਾਲੀ ਵਾਲੀ ਰਾਤ 8:00 ਵਜੇ ਤੋਂ ਰਾਤ 10:00 ਵਜੇ ਤੱਕ, ਮਿਤੀ 05.11.2025 ਨੂੰ ਗੁਰਪੁਰਬ ਦੇ ਮੌਕੇ ਤੇ ਸਵੇਰੇ 4:00 ਵਜੇ ਤੋਂ ਸਵੇਰੇ 5:00 ਵਜੇ (ਇੱਕ ਘੰਟਾ) ਰਾਤ 9:00 ਵਜੇ ਤੋਂ ਰਾਤ 10:00 ਵਜੇ ਤੱਕ (ਇੱਕ ਘੰਟਾ) ਅਤੇ ਕ੍ਰਿਸਮਿਸ /ਨਵਾਂ ਸਾਲ ਮੌਕੇ ਰਾਤ 11:55 PM ਵਜੇ ਤੋਂ 12.30 AM ਵਜੇ ਤੱਕ ਪਟਾਕੇ ਚਲਾਉਣ ਦਾ ਸਮਾਂ ਨਿਰਧਾਰਿਤ ਕੀਤਾ ਗਿਆ ਹੈ।

ਇਸ ਲਈ ਮੈਂ, **ਰਾਜੇਸ਼ ਧੀਮਾਨ**, ਆਈ.ਏ.ਐੱਸ. ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਅਤੇ ਮਾਨਯੋਗ ਸੁਪਰੀਮ ਕੋਰਟ ਅਤੇ ਪੰਜਾਬ ਸਰਕਾਰ ਵੱਲੋਂ ਕੀਤੀਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਬਠਿੰਡਾ ਵਿੱਚ ਹੇਠ ਦਰਸਾਏ ਅਨੁਸਾਰ ਤਿਉਹਾਰਾਂ ਮੌਕੇ ਤੇ **ਪਟਾਖੇ ਚਲਾਉਣ ਦਾ ਸਮਾਂ ਨਿਰਧਾਰਿਤ ਕੀਤਾ ਜਾਂਦਾ ਹੈ** :-

| ਲੜੀ ਨੰ | ਤਿਉਹਾਰ | ਦਿਨ | ਪਟਾਕੇ ਚਲਾਉਣ ਦਾ ਸਮਾਂ |
|---|---|---|---|
| 1 | ਦੁਸਹਿਰਾ | 02 ਅਕਤੂਬਰ, 2025 | From 6:00 P.M to 7:00 P.M |
| 2 | ਦਿਵਾਲੀ | 20 ਅਕਤੂਬਰ,2025 | From 8:00 P.M till 10:00P.M |
| 3 | ਗੁਰਪੁਰਬ | 05 ਨਵੰਬਰ, 2025 | In the Morning From 4:00 A.M to 5:00 A.M<br>In the evening From 9:00 P.M to 10:00 P.M |
| 4 | ਕ੍ਰਿਸਮਿਸ | 25-26,ਦਸੰਬਰ, 2025 | From 11:55 P.M till 12:30 A.M |
| 5 | ਨਿਊ ਈਅਰ | 31 ਦਸੰਬਰ ਆਫ 2025 ਅਤੇ 1 ਜਨਵਰੀ 2026 | From 11:55 P.M till 12:30 A.M |

ਇਸ ਤੋਂ ਇਲਾਵਾ ਸ੍ਰੀ ਗੁਰੂ ਗੋਬਿੰਦ ਸਿੰਘ ਰਿਫਾਇਨਰੀ (ਤੇਲ ਸੋਧਕ ਕਾਰਖਾਨਾ) ਫੁੱਲੋਖਾਰੀ ਦੇ ਨਜਦੀਕ ਪੈਂਦੇ ਪਿੰਡਾਂ (ਫੁੱਲੋਖਾਰੀ, ਰਾਮਾ ਮੰਡੀ, ਰਾਮਾ ਪਿੰਡ, ਰਾਮਸਰਾ, ਗਿਆਨਾ, ਕਣਕਵਾਲ) ਵਿੱਚ ਅਤੇ ਪਿੰਡ ਭੁਸਮੰਡੀ ਵਿਖੇ ਵੱਖ-2 ਤੇਲ ਕੰਪਨੀਆਂ ਦੇ ਤੇਲ ਭੰਡਾਰ ਹੋਣ ਕਾਰਨ ਉਪਰੋਕਤ ਤਿਉਹਾਰ ਸਮੇਂ ਪਟਾਕੇ ਚਲਾਉਣ ਨਾਲ ਤੇਲ ਸੋਧਕ ਕਾਰਖਾਨੇ/ ਤੇਲ ਭੰਡਾਰ ਵਿੱਚ ਕੋਈ ਵੀ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ। ਇਹਨਾਂ ਪਿੰਡਾਂ ਅਤੇ ਆਲੇ-ਦੁਆਲੇ ਦੇ ਏਰੀਏ ਵਿੱਚ ਪਟਾਕੇ ਚਲਾਉਣ ਤੇ ਪੂਰਨ ਤੌਰ ਤੇ ਪਾਬੰਦੀ ਲਗਾਈ ਜਾਂਦੀ ਹੈ।

ਮੌਜੂਦਾ ਹਾਲਤਾਂ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇੱਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਪਬਲਿਕ ਨੂੰ ਸੰਬੋਧਿਤ ਕੀਤਾ ਜਾਂਦਾ ਹੈ।

ਇਹ ਹੁਕਮ ਸੀਨੀਅਰ ਕਪਤਾਨ ਪੁਲਿਸ,ਬਠਿੰਡਾ ਅਤੇ ਕਾਰਜਕਾਰੀ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਕੰਟਰੋਲ, ਬਠਿੰਡਾ ਵੱਲੋਂ ਲਾਗੂ ਕਰਵਾਇਆ ਜਾਵੇਗਾ।ਇਹ ਹੁਕਮ ਜਾਰੀ ਕਰਨ ਲਈ ਚੌਕੀਦਾਰ ਰਾਹੀਂ ਮੁਨਾਦੀ ਕਰਵਾਈ ਜਾਵੇਗੀ। ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਠਿੰਡਾ ਵੱਲੋਂ ਮੀਡੀਆ ਰਾਹੀਂ ਪ੍ਰਚਾਰ ਕਰਕੇ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਵੇਗਾ ਅਤੇ ਸਥਾਨਕ/ਦੂਜੇ ਅਖਬਾਰਾਂ ਦੁਆਰਾ ਅਤੇ ਅਕਾਸ਼ਬਾਣੀ/ ਦੂਰਦਰਸ਼ਨ ਦੀਆਂ ਖਬਰਾ ਰਾਹੀਂ ਘੋਸ਼ਣਾ ਕਰਵਾਕੇ ਪ੍ਰਚਾਰ ਕੀਤਾ ਜਾਵੇਗਾ। ਇਸ ਹੁਕਮ ਦੀਆਂ ਕਾਪੀਆਂ ਦਫਤਰ ਜ਼ਿਲ੍ਹਾ ਮੈਜਿਸਟਰੇਟ, ਜ਼ਿਲ੍ਹੇ ਦੇ ਉਪ ਮੰਡਲ ਮੈਜਿਸਟਰੇਟਸ, ਤਹਿਸੀਲਦਾਰਾਂ, ਬਲਾਕਵਿਕਾਸ ਅਤੇ ਪੰਚਾਇਤ ਅਫਸਰਾਂ, ਮਾਰਕਿਟ ਕਮੇਟੀਆਂ, ਪੁਲਿਸ ਸਟੇਸ਼ਨਾ ਅਤੇ ਨਗਰ ਪਾਲਿਕਾਵਾਂ ਦੇ ਨੋਟਿਸ ਬੋਰਡਾਂ ਅਤੇ ਜ਼ਿਲ੍ਹਾ ਬਠਿੰਡਾ ਦੀਆਂ ਉੱਘੀਆਂ ਥਾਵਾਂ ਤੇ ਆਮ ਪਬਲਿਕ ਦੀ ਜਾਣਕਾਰੀ ਲਈ ਲਗਾਈਆਂ ਜਾਣਗੀਆਂ।

ਇਹ ਹੁਕਮ ਅੱਜ ਮਿਤੀ ...29.../**09/2025** ਨੂੰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਹੇਠ ਜਾਰੀ ਹੋਇਆ ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿ੍ਨ ਅੰਕਣ ਨੰ ਜੀ-1/1 ( )2025/ 1947 ਮਿਤੀ 01/10/25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਰਾਜੇਸ਼ ਧੀਮਾਨ, ਆਈ.ਏ.ਐੱਸ
ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ

01/10/25
ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ
01/10/25

ਪਿੱਠ.ਅੰਕਣ ਨੰ. 25742-841/ਫਸ/ਫਕ ਮਿਤੀ 30/09/2025

ਇਸ ਦਾ ਇੱਕ ਉਤਾਰਾ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
2. ਪ੍ਰਿੰਸੀਪਲ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਪੰਜਾਬ, ਚੰਡੀਗੜ੍ਹ
3. ਡੀ.ਆਈ.ਜੀ (ਸੀ.ਆਈ.ਡੀ),ਪੰਜਾਬ, ਚੰਡੀਗੜ੍ਹ
4. ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ
5. ਜਿਲ੍ਹਾ ਤੇ ਸੈਸ਼ਨ ਜੱਜ, ਬਠਿੰਡਾ
6. ਜਿਲ੍ਹਾ ਮੈਜਿਸਟਰੇਟ, ਫਰੀਦਕੋਟ/ ਫਿਰੋਜ਼ਪੁਰ / ਜਲੰਧਰ/ ਅੰਮ੍ਰਿਤਸਰ/ ਬਰਨਾਲਾ/ ਕਪੂਰਥਲਾ/ ਹੁਸ਼ਿਆਰਪੁਰ/ ਪਟਿਆਲਾ/ ਮਾਨਸਾ/ ਸ੍ਰੀ ਮੁਕਤਸਰ ਸਾਹਿਬ/ ਰੂਪਨਗਰ/ ਨਵਾਂਸ਼ਹਿਰ/ ਫਤਿਹਗੜ੍ਹ ਸਾਹਿਬ/ ਤਰਨਤਾਰਨ/ ਲੁਧਿਆਣਾ/ ਮੋਗਾ/ ਪਠਾਨਕੋਟ/ ਫਾਜਿਲਕਾ/ ਮਲੇਰਕੋਟਲਾ /ਸੰਗਰੂਰ/ ਗੁਰਦਾਸਪੁਰ/ ਮੁਹਾਲੀ।
7. ਸੀਨੀਅਰ ਕਪਤਾਨ ਪੁਲਿਸ, ਬਠਿੰਡਾ
8. ਕਮਿਸ਼ਨਰ, ਨਗਰਨਿਗਮ, ਬਠਿੰਡਾ
9. ਵਧੀਕ ਡਿਪਟੀ ਕਮਿਸ਼ਨਰ (ਜ) ਬਠਿੰਡਾ
10. ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ)
11. ਵਧੀਕ ਡਿਪਟੀ ਕਮਿਸ਼ਨਰ ( ਪੇਂਡੂ ਵਿਕਾਸ ), ਬਠਿੰਡਾ
12. ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ/ ਸਹਾਇਕ ਕਮਿਸ਼ਨਰ (ਜ), ਬਠਿੰਡਾ।ਸਹਾਇਕ ਕਮਿਸ਼ਨਰ (ਸ਼ਿਕਾਇਤਾਂ), ਬਠਿੰਡਾ। ਵਧੀਕ ਮੁੱਖ ਪ੍ਰਸ਼ਾਸਕ( ਪੁੱਡਾ), ਬਠਿੰਡਾ/ਮੁੱਖ ਪ੍ਰਸ਼ਾਸਕ ਬਠਿੰਡਾ ਵਿਕਾਸ ਅਥਾਰਟੀ, ਬਠਿੰਡਾ
13. ਉਪਮੰਡਲ ਮੈਜਿਸਟਰੇਟ, ਬਠਿੰਡਾ/ ਰਾਮਪੁਰਾਫੂਲ/ ਤਲਵੰਡੀ ਸਾਬੋ/ਮੌੜ
14. ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਬਠਿੰਡਾ
15. ਸਟੇਸ਼ਨ ਕਮਾਂਡਰ, ਏਅਰ ਫੋਰਸ ਸਟੇਸ਼ਨ, ਭਿਸੀਆਣਾ, ਜ਼ਿਲਾਬਠਿੰਡਾ/ਸਟੇਸ਼ਨ ਹੈੱਡ-ਕੁਆਟਰ,ਮਿਲਟਰੀ ਸਟੇਸ਼ਨ, ਬਠਿੰਡਾ
16. ਜ਼ਿਲ੍ਹਾ ਮਾਲ ਅਫਸਰ, ਬਠਿੰਡਾ
17. ਤਹਿਸੀਲਦਾਰ, ਬਠਿੰਡਾ/ ਰਾਮਪੁਰਾ ਫੂਲ/ ਤਲਵੰਡੀਸਾਬੋ/ ਮੌੜ/ਨਾਇਬ ਤਹਿਸੀਲਦਾਰ, ਮੌੜ/ ਨਥਾਣਾ/ਸੰਗਤ/ਭਗਤਾ ਭਾਈਕਾ ਅਗਰੇਰੀਅਨ; ਬਠਿੰਡਾ/ਮਿਲਟਰੀ ਲੈਂਡ ਐਕੁਜੀਸ਼ਨ, ਬਠਿੰਡਾ/
18. ਜਿਲ੍ਹਾ ਮੈਨੇਜਰ ਉਦਯੋਗ ਕੇਂਦਰ, ਬਠਿੰਡਾ ।
19. ਕਾਰਜਕਾਰੀ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਕੰਟੋਰਲ, ਬਠਿੰਡਾ ਪਾਸ ਪਾਲਣਾ ਹਿੱਤ।
20. ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱਖ/ਐਲੀ.ਸਿੱ) ਬਠਿੰਡਾ ਪਾਸ ਪਾਲਣਾ ਹਿੱਤ ।
21. ਨਿਗਰਾਨ ਇੰਜੀਨੀਅਰ ਪਬਲਿਕ ਹੈਲਥ, ਬਠਿੰਡਾ
22. ਨਿਗਰਾਨ ਇੰਜੀਨੀਅਰ ਪੰਜਾਬ ਵ/ਸ ਤੇ ਸੀਵਰੇਜ ਬੋਰਡ, ਬਠਿੰਡਾ
23. ਕਾਰਜਕਾਰੀ ਇੰਜੀਨੀਅਰ ਪੰਜਾਬ ਵ/ਸ ਤੇ ਸੀਵਰੇਜ਼, ਬਠਿੰਡਾ/ਕਾਰਜਕਾਰੀ ਇੰਜੀਨੀਅਰ ਪਬਲਿਕ ਹੈਲਥ, ਮੰਡਲ 1 ਅਤੇ 2 , ਬਠਿੰਡਾ
24. ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਬਠਿੰਡਾ/ ਸੰਗਤ/ ਨਥਾਣਾ/ ਰਾਮਪੁਰਾ/ਫੂਲ/ ਭਗਤਾ ਭਾਈਕਾ/ਤਲਵੰਡੀ ਸਾਬੋ/ ਮੌੜ /ਗੋਨਿਆਣਾ ਮੰਡੀ
25. ਜੀ.ਐਮ. ਗੁਰੂ ਗੋਬਿੰਦ ਸਿੰਘ ਰਿਫਾਇਨਰੀ ਰਾਮਾਂ ਮੰਡੀ /ਮੁੱਖ ਪ੍ਰਬੰਧਕ,ਨੈਸ਼ਨਲਫਰਟੀਲਾਈਜ਼ਰਲਿਮਟਿਡ ਬਠਿੰਡਾ/ਆਈ.ਓ.ਸੀ.ਐਲ., ਬੀ.ਪੀ.ਸੀ.ਐਲ. ਐਚ.ਪੀ.ਸੀ.ਐਲ., ਬਲਕ ਪੀ.ਓ.ਐਲ. ਟਰਮਿਨਲ, ਫੂਸ ਮੰਡੀ ਮਾਨਸਾ ਰੋਡ ਬਠਿੰਡਾ।
26. ਕਾਰਜ ਸਾਧਕ ਅਫਸਰ,ਨਗਰ ਕੌਂਸਲ/ ਨਗਰ ਪੰਚਾਇਤਾਂ/ ਗੋਨਿਆਣਾ/ਭੁੱਚੋਮੰਡੀ/ਸੰਗਤ / ਕੋਟਫੱਤਾ / ਮੌੜ/ਰਾਮਾਮੰਡੀ/ਰਾਮਪੁਰਾ ਫੂਲ/ ਭਾਈ ਰੂਪਾ ਤਲਵੰਡੀ ਸਾਬੋ/ ਕੋਟਸਮੀਰ/ ਲਹਿਰਾ ਮੁਹੱਬਤ/ਭਗਤਾ ਭਾਈਕਾ/ਮਹਿਰਾਜ/ਮਲੂਕਾ/ਕੋਠਾਗੁਰੂਕਾ/ਨਥਾਣਾ।
27. ਸਕੱਤਰ ਮਾਰਕਿਟ ਕਮੇਟੀ, ਬਠਿੰਡਾ, ਗੋਨਿਆਣਾ /ਭੁੱਚੋ /ਰਾਮਾਂ /ਮੌੜ /ਸੰਗਤ /ਤਲਵੰਡੀ ਸਾਬੋ ਰਾਮਪੁਰਾ ਫੂਲ ਭਗਤਾਭਾਈਕਾ।
28. ਜਿਲ੍ਹਾ ਲੋਕ ਸੰਪਰਕ ਅਫਸਰ, ਬਠਿੰਡਾ ਪਾਸ ਉਪਰੋਕਤ ਅਨੁਸਾਰ ਕਾਰਵਾਈ ਕਰਕੇ ਰਿਪੋਰਟ ਭੇਜਣ ਹਿੱਤ ਭੇਜਿਆ ਜਾਂਦਾ ਹੈ।
29. ਜਿਲ੍ਹਾ ਕੁਆਰਡੀਨੇਟਰ, NIC, ਬਠਿੰਡਾ ਪਾਸ ਹੁਕਮ ਦੀ ਕਾਪੀ ਵੈੱਬਸਾਈਟ ਅਪਲੋਡ ਕਰਨ ਹਿੱਤ ਭੇਜਿਆ ਜਾਂਦਾ ਹੈ।
30. ਅਫਸਰ ਇੰਚਾਰਜ ਐਲ.ਪੀ.ਏ. ਸ਼ਾਖਾ ,ਡੀ.ਸੀ ਦਫਤਰ ਬਠਿੰਡਾ ਪਾਸ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ
31. ਪੀ.ਏ.ਟੂ ਡੀ.ਸੀ./ਪੀ.ਏ. ਟੂਏ.ਡੀ.ਸੀ.,ਬਠਿੰਡਾ ਪਾਸ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਵਾਸਤੇ ਜ਼ਿਲ੍ਹਾ ਮੈਜਿਸਟਰੇਟ,
ਬਠਿੰਡਾ